# ਇਨ੍ਹਾਂ ਸਰਦੀਆਂ ਦੇ ਮੌਸਮ ਵਿਚ ਸਹੀ ਥਾਂ ’ਤੇ ਸਹੀ ਇਲਾਜ ਦੀ ਚੋਣ ਕਰੋ

Vancouver CoastalHealth

**ਸਿਹਤ ਦਾ ਕੋਈ ਫਿਕਰ ਹੈ?**

**ਪਹਿਲਾਂ ਆਪਣੇ ਫੈਮਿਲੀ ਡਾਕਟਰ ਜਾਂ ਕੇਅਰ ਪ੍ਰੋਵਾਈਡਰ ਨੂੰ ਫੋਨ ਕਰੋ**

ਉਸੇ ਦਿਨ ਜ਼ਰੂਰੀ ਮਿਲ ਕੇ ਜਾਂ ਵਰਚੂਅਲ ਅਪੌਂਇੰਟਮੈਂਟਾਂ ਅਕਸਰ ਉਪਲਬਧ ਹੁੰਦੀਆਂ ਹਨ। ਆਪਣੇ ਇਲਾਕੇ ਵਿਚ ਮੁਢਲੇ ਇਲਾਜ (ਰੋਜ਼ਮਰਾ ਦੀ ਸਿਹਤ ਸੰਭਾਲ) ਲਈ pathwaysmedicalcare.ca ’ਤੇ ਜਾਉ

**ਫੈਮਿਲੀ ਡਾਕਟਰ ਨਹੀਂ ਮਿਲਦਾ ਹੈ?**

**ਅਰਜੈਂਟ ਐਂਡ ਪ੍ਰਾਇਮਰੀ ਕੇਅਰ ਸੈਂਟਰ ਦੀਆਂ ਥਾਂਵਾਂ ਅਤੇ ਖੁੱਲ੍ਹਣ ਦੇ ਸਮਿਆਂ ਲਈ vch.ca/UPCC ’ਤੇ ਚੈੱਕ ਕਰੋ**

ਯੂ ਪੀ ਸੀ ਸੀ ਅਤੇ ਵਾਕ–ਇਨ–ਕਲੀਨਿਕ ਵਿਚ ਉਡੀਕ ਕਰਨ ਦੇ ਸਮੇਂ medimap.ca ’ਤੇ ਚੈੱਕ ਕਰੋ

**ਕੋਵਿਡ-19 ਦਾ ਟੈੱਸਟ?**

**ਥਾਂਵਾਂ ਅਤੇ ਖੁੱਲ੍ਹਣ ਦੇ ਸਮਿਆਂ ਲਈ vch.ca/COVIDtesting ’ਤੇ ਜਾਉ**

**ਭਰੋਸੇਯੋਗ ਸਿਹਤ ਸਲਾਹ ਚਾਹੀਦੀ ਹੈ?**

**ਹੈਲਥਲਿੰਕ ਬੀ ਸੀ ਨਾਲ 8-1-1 ’ਤੇ ਸੰਪਰਕ ਕਰੋ, ਹਫਤੇ ਦੇ ਸੱਤੇ ਦਿਨ 24 ਘੰਟੇ ਉਪਲਬਧ ਜਾਂ healthlinkbc.ca ’ਤੇ ਜਾਉ**

**ਨਾਜ਼ੁਕ ਜਾਂ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਹਾਲਤ ਹੈ?**

**911 ਨੂੰ ਫੋਨ ਕਰੋ ਜਾਂ ਨੇੜੇ ਦੇ ਐਮਰਜੰਸੀ ਡਿਪਾਰਟਮੈਂਟ ਵਿਚ ਜਾਉ**

ਇਹ ਬੇਨਤੀ ਕਰੋ ਕਿ ਤੁਹਾਡੀਆਂ ਮੈਡੀਕਲ ਰਿਪੋਰਟਾਂ ਦੀ ਕਾਪੀ ਤੁਹਾਡੇ ਫੈਮਿਲੀ ਡਾਕਟਰ ਨੂੰ ਭੇਜੀ ਜਾਵੇ। ਆਪਣੇ ਨੇੜੇ ਦੇ ਹਸਪਤਾਲ ਦੇ ਈ ਡੀ ਵਿਚ ਉਡੀਕ ਕਰਨ ਦੇ ਔਸਤ ਸਮੇਂ ਚੈੱਕ ਕਰਨ ਲਈ edwaittimes.ca ’ਤੇ ਜਾਉ

**ਦਵਾਈ ਛੇਤੀ ਚਾਹੀਦੀ ਹੈ?**

**ਆਪਣੇ ਫਾਰਮਾਸਿਸਟ ਨਾਲ ਗੱਲ ਕਰੋ**

ਉਹ ਅਕਸਰ ਥੋੜ੍ਹੇ ਸਮੇਂ ਦੀ ਦਵਾਈ ਅਤੇ ਹੋਰ ਸਲਾਹ ਦੇ ਸਕਦੇ ਹਨ

## vch.ca/wintercare

British Columbia Pharmacy Association | Divisions of Family Practice (A GPSC initiative) | doctors of bc — Better. Together. | LifeLabs | Providence Health Care — How you want to be treated.

[Punjabi]